ਅਧਿਆਇ ਤੀਜਾ

# ਰਾਜਨੀਤਕ ਅਤੇ ਧਾਰਮਿਕ ਪ੍ਰਚਾਰਕ

ਭਾਈ ਕਰਤਾਰ ਸਿੰਘ ਝੱਬਰ ਦੇ ਜੀਵਨ ਦਾ ਪਹਿਲਾ ਭਾਗ ਸਿੱਖ ਧਰਮ ਦੇ ਪ੍ਰਚਾਰ ਅਤੇ ਸਿੱਖਾਂ ਨੂੰ ਧਾਰਮਿਕ ਤੌਰ ਤੇ ਜਥੇਬੰਦ ਕਰਨ ਵਿਚ ਬੀਤਿਆ । ਉਨ੍ਹਾਂ ਨੇ 11 ਅਪ੍ਰੈਲ 1919 ਨੂੰ ਹਿੰਦੂ, ਸਿਖ ਅਤੇ ਮੁਸਲਮਾਨਾਂ ਨੂੰ ਰਾਜਨੀਤਕ ਭਾਸ਼ਨ ਦਿਤਾ । ਇਸ ਤੋਂ ਠੀਕ 11 ਮਹੀਨੇ ਅਤੇ 6 ਦਿਨ ਪਿਛੋਂ ਉਹ 17 ਮਾਰਚ , 192● ਨੂੰ ਅੰਡੇਮਾਨ ਜੇਲ੍ਹ ਵਿਚ ਕੈਦ ਕਟ ਕੇ ਆਪਣੇ ਪਿੰਡ ਝੱਬਰ ਵਾਪਸ ਆਏ । ਉਹ ਅੰਗ੍ਰੇਜ਼ੀ ਸਰਕਾਰ ਦੀਆਂ ਨਜ਼ਰਾਂ ਵਿਚ ਇਕ ਵਡੇ ਸਰਕਾਰ ਵਿਰੋਧੀ ਆਗੂ ਬਣ ਗਏ ਸਨ । ਇਨ੍ਹਾਂ ਦੀ ਹਰ ਹਰਕਤ ਨੂੰ ਸਰਕਾਰੀ ਸੂਹੀਏ (ਸੀ. ਆਈ. ਡੀ) ਗੌਰ ਨਾਲ ਦੇਖਦੇ ਸਨ ਅਤੇ ਉਨ੍ਹਾਂ ਦੀ ਹਰ ਹਰਕਤ ਵਿਚ ਰਾਜ ਪਲਟਾਊ ਦੀ ਝਲਕ ਪੈਂਦੀ ਸੀ । ਡਾ: ਫੌਜਾ ਸਿੰਘ ਲਿਖਦੇ ਹਨ, "ਜਦੋਂ ਉਹ ਪੰਜਾਬ ਵਿਚ ਵਾਪਸ ਘਰ ਆਏ , ਸਰਕਾਰ ਨੇ ਉਨ੍ਹਾਂ ਦੀਆਂ ਹਰਕਤਾਂ ਦੀ ਕੜੀ ਨਿਗਰਾਨੀ ਰਖੀ । ਉਹ ਹੁਣ ਪੱਕੇ ਕਾਂਗਰਸੀ ਸਨ ਅਤੇ ਅਧਿਕਾਰੀਆਂ ਵਿਰੁੱਧ ਕੁੜਤਣ ਨਾਲ ਬੋਲਦੇ ਸਨ ।[1]

ਝੱਬਰ ਜੀ ਦੇ ਜੀਵਨ ਵਿਚ ਇਹ ਇਕ ਵੱਡਾ ਪਰਿਵਰਤਨ ਸੀ । ਇਨ੍ਹਾਂ ਨੇ 11 ਮਹੀਨੇ ਨਾ ਕੇਵਲ ਅੰਗਰੇਜ਼ੀ ਸਰਕਾਰ ਰਾਜ ਦੰਡ ਦਾ ਕਸ਼ਟ ਬਰਦਾਸ਼ਤ ਕੀਤਾ ਸੀ, ਸਗੋਂ ਅੰਡੇਮਾਨ ਜੇਲ੍ਹ ਵਿਚ ਆਪਣਾ ਸਾਰਾ ਵੇਹਲਾ ਸਮਾਂ ਰਾਜਸੀ ਪੁਸਤਕਾਂ ਪੜ੍ਹ ਕੇ ਆਪਣੇ ਦ੍ਰਿਸ਼ਟੀਕੋਣ ਨੂੰ ਬਦਲਣ ਤੇ ਲਗਾ ਦਿਤਾ ਸੀ । ਨਰੈਣ ਸਿੰਘ ਲਿਖਦੇ ਹਨ, "ਜਦੋਂ ਇਹ ਕਾਲੇ ਪਾਣੀ ਤੋਂ ਘਰ ਪੁਜੇ, ਤਾਂ ਇਹ ਇਕ ਪੋਲੀਟੀਕਲ ਪਰਚਾਰਕ ਅਤੇ ਲੀਡਰ ਦੀ ਹੈਸੀਅਤ ਵਿਚ ਲੋਕਾਂ ਦੀਆਂ ਨਜ਼ਰਾਂ ਵਿਚ ਆ ਚੁੱਕੇ ਸਨ । ਸਿੱਖਾਂ ਦਾ ਕੋਈ ਪੌਲੀਟੀਕਲ ਜਲਸਾ ਸਫਲ ਨਹੀਂ ਸੀ ਸਮਝਿਆ ਜਾਂਦਾ ਜਿਸ ਵਿਚ ਝੱਬਰ ਜੀ ਸ਼ਾਮਲ ਹੋ ਕੇ ਸਮੇਂ ਦੀਆਂ ਰਾਜਸੀ ਚਾਲਾਂ ਸੰਬੰਧੀ ਆਪਣੇ ਵਿਚਾਰ ਲੋਕਾਂ ਸਾਹਮਣੇ ਨਾ ਰਖਦੇ ।"[2]

ਸਿੱਖਾਂ ਵਿਚ ਅੰਗਰੇਜ਼ੀ ਰਾਜ ਦੇ ਸਮੇਂ ਇਹ ਰਾਜਸੀ ਜਾਗ੍ਰਤੀ ਦਾ ਆਰੰਭ ਸੀ । ਸੰਨ 1849 ਵਿਚ ਸਿੱਖ ਰਾਜ ਦਾ ਅੰਤ ਕਰਨ ਤੋਂ ਪਿਛੋਂ ਅੰਗਰੇਜ਼ਾਂ ਨੇ ਸਿੱਖਾਂ ਨੂੰ ਆਪਣੇ ਹੱਕ ਵਿਚ ਕਰ ਲਿਆ ਸੀ । 1857 ਦੇ ਵਿਦ੍ਰੋਹ ਵਿਚ ਸਿੱਖਾਂ ਨੇ ਅੰਗ੍ਰੇਜ਼ਾਂ ਦੀ ਬੜੀ ਸਹਾਇਤਾ ਕੀਤੀ ਸੀ । ਡਾ: ਗੋਕਲ ਚੰਦ ਨਾਰੰਗ ਲਿਖਦੇ ਹਨ, "ਇਹ ਕਹਿਣ ਵਿਚ ਕੋਈ ਅਤਿਕਥਨੀ ਨਹੀਂ ਕਿ ਜੇ ਉਨ੍ਹਾਂ ਦੀ ਸਮੇਂ ਸਿਰ ਸਹਾਇਤਾ ਨਾ ਮਿਲਦੀ ਤਾਂ ਬਰਤਾਨੀਆਂ ਸਰਕਾਰ ਲਈ ਵਿਦ੍ਰੋਹ ਨੂੰ ਕੁਚਲਣਾ ਬਹੁਤ ਹੀ ਕਠਿਨ ਹੋ ਜਾਂਦਾ । ਹੁਣ ਸਿੱਖ ਆਪਣੀ ਵਫਾਦਾਰੀ ਲਈ ਪ੍ਰਸਿੱਧ ਹੋ ਗਏ ਅਤੇ , ਅਸਲ ਵਿਚ, ਅੰਗਰੇਜ਼ੀ ਸਰਕਾਰ ਦੇ ਵਿਸ਼ੇਸ਼ ਚਹੇਤੇ ਬਣ ਗਏ । ਉਨ੍ਹਾਂ ਦੀ ਇਹ ਵਫਾਦਾਰੀ ਕੇਵਲ ਗੱਲੀ ਬਾਤੀਂ ਨਹੀਂ ਸੀ ਸਗੋਂ ਅਜੇਹਾ ਜਾਪਦਾ ਹੈ ਕਿ ਉਨ੍ਹਾਂ ਦੇ ਦਿਲ ਅੰਗ੍ਰੇਜ਼ਾਂ ਨੇ, ਲਗਾਤਾਰ ਥਾਪੀਆਂ ਦੇ ਕੇ ਅਤੇ ਸਾਰੇ ਜਨਤਕ ਸਮਾਗਮਾਂ ਉਤੇ ਉਨ੍ਹਾਂ ਦੀ ਵਫਾਦਾਰੀ ਅਤੇ ਬਹਾਦਰੀ ਦੇ ਸੋਹਲੇ ਗਾ ਕੇ ਵਾਸਤਵਿਕ ਰੂਪ ਵਿਚ, ਜਿੱਤ ਲਏ ਸਨ।"[3] ਸਿੱਖਾਂ ਵਿਚ ਉਨੀਵੀਂ ਸਦੀ ਦੇ ਪਹਿਲੇ ਪੰਜਾਹ ਸਾਲਾਂ ਦੇ ਵਡੇ ਉਭਾਰ ਪਿਛੋਂ ਇਹ ਸਠ ਸੱਤਰ ਸਾਲ ਦਾ ਸਮਾਂ ਪਤਨ ਦਾ ਸਮਾਂ ਸੀ । ਸਿੱਖਾਂ ਨੂੰ ਰਾਜਨੀਤਕ ਜੀਵਨ ਤੋਂ ਅਲਗ ਹੀ ਰਖਿਆ ਜਾਂਦਾ ਸੀ। ਜੇ ਕਿਸੀ ਥਾਂ ਜਾਗ੍ਰਤੀ ਦਿਖਾਈ ਦਿੰਦੀ, ਉਸ ਨੂੰ ਸਖਤੀ ਨਾਲ ਦਬਾ ਦਿਤਾ ਜਾਂਦਾ, ਜਿਵੇਂ ਕੋਮਾ-ਗਾਟਾ ਮਾਰੂ ਜਹਾਜ਼ ਦੇ ਮੋਢੀਆਂ ਨੂੰ ਕੁਚਲ ਕੇ ਰਖ ਦਿਤਾ ।

ਉਸ ਵੇਲੇ ਜਲਸੇ ਕਰਨੇ ਬੜੇ ਕਠਿਨ ਸਨ । ਕਿਸੇ ਜਲਸੇ ਦਾ ਇਸ਼ਤਿਹਾਰ ਦੇਣਾ, ਪ੍ਰਬੰਧ ਕਰਨਾ ਅਤੇ ਪ੍ਰਚਾਰਕਾਂ ਨੂੰ ਬੁਲਾਉਣ ਲਗਿਆਂ ਇਹ ਕਈ ਵਾਰ ਸੋਚਿਆ ਜਾਂਦਾ ਸੀ ਕਿ ਅਜਿਹਾ ਕਰਨ ਤੇ ਸਰਕਾਰ ਨਾਰਾਜ਼ ਹੋ ਜਾਵੇਗੀ

ਅਤੇ ਸਰਕਾਰ ਦੇ ਅਤਿਆਚਾਰ ਦਾ ਸ਼ਿਕਾਰ ਹੋਣਾ ਪਵੇਗਾ । ਅਜਿਹੇ ਸਮੇਂ ਵਿਚ ਝੱਬਰ ਜੀ ਨੇ ਧਰਮ ਪ੍ਰਚਾਰ ਦੀ ਥਾਂ ਰਾਜਨੀਤਕ ਪ੍ਰਚਾਰ ਨੂੰ ਆਪਣਾ ਜੀਵਨ-ਉਦੇਸ਼ ਬਣਾਇਆ । ਇਨ੍ਹਾਂ ਨੂੰ ਬੱਚੀ ਵਿੰਡ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਣ ਵਾਲੇ ਦੀਵਾਨ ਤੇ ਪਹੁੰਚਣ ਲਈ ਨਿਮੰਤਰਣ ਮਿਲਿਆ । ਇਹ ਨਿਯਤ ਮਿਤੀ ਤੇ ਉਥੇ ਪਹੁੰਚ ਗਏ । ਕਿਉਂਕਿ ਇਨ੍ਹਾਂ ਦਾ ਪਹਿਲਾ ਜੀਵਨ ਧਰਮ ਪ੍ਰਚਾਰ ਵਿਚ ਗੁਜਰਿਆ ਸੀ, ਇਸ ਲਈ ਲੋਕੀ ਇਨ੍ਹਾਂ ਨੂੰ ਧਾਰਮਿਕ ਪ੍ਰਚਾਰਕ ਹੀ ਸਮਝਦੇ ਸੀ । ਅੰਡੇਮਾਨ ਜੇਲ੍ਹ ਵਿਚ ਦੇਸ ਭਗਤਾਂ ਨਾਲ ਮਿਲਾਪ ਅਤੇ ਰਾਜਨੀਤਕ ਪੁਸਤਕਾਂ ਦੇ ਅਧਿਐਨ ਨੇ ਇਨ੍ਹਾਂ ਦਾ ਦ੍ਰਿਸ਼ਟੀਕੋਣ ਹੀ ਬਦਲ ਦਿਤਾ । ਪੰਜਾਬ ਵਿਚ ਵਾਪਸ ਆਉਣ ਤੇ ਇਨ੍ਹਾਂ ਨੇ ਸਿੱਖ ਕੌਮ ਨੂੰ ਰਾਜਨੀਤਕ ਤੌਰ ਤੇ ਪਿਛੜੀ ਕੌਮ ਹੀ ਦੇਖਿਆ । ਦਸੰਬਰ 1919 ਦੇ ਅੰਮ੍ਰਿਤਸਰ ਵਿਖੇ ਹੋਏ ਸਰਬ ਹਿੰਦ ਕਾਂਗ੍ਰਸ ਦੇ ਜਲਸੇ ਦਾ ਇਹ ਪ੍ਰਭਾਵ ਪਿਆ ਕਿ ਸਿੱਖਾਂ ਨੇ ਸਿੱਖ ਲੀਗ ਕਾਇਮ ਕਰਕੇ ਇਸ ਦਾ ਪਹਿਲਾ ਸਮਾਗਮ ਅੰਮ੍ਰਿਤਸਰ ਵਿਚ ਕੀਤਾ । 'ਅਕਾਲੀ' ਸਮਾਚਾਰ ਪੱਤਰ ਮਈ, 192● ਵਿਚ ਪੰਜਾਬੀ ਵਿਚ ਲਾਹੌਰ ਤੋਂ ਨਿਕਾਲਣਾ ਆਰੰਭ ਕੀਤਾ ।[4] ਪਰ ਆਮ ਸਿੱਖਾਂ ਵਿਚ ਜਾਗ੍ਰਤੀ ਨਹੀਂ ਆਈ ਸੀ । ਇਸ ਲਈ ਜਦੋਂ ਪਿੰਡ ਬੱਚੀ ਵਿੰਡ ਦੇ ਦੀਵਾਨ ਵਿਚ ਝੱਬਰ ਜੀ ਨੇ ਰਾਜਨੀਤਕ ਭਾਸ਼ਨ ਦਿਤਾ ਤਾਂ ਨਾ ਕੇਵਲ ਦੀਵਾਨ ਦੇ ਪ੍ਰਬੰਧਕ ਹੀ ਸਗੋਂ ਦੂਜੇ ਲੋਕ ਵੀ ਡਰ ਗਏ । ਝੱਬਰ ਜੀ ਨੇ ਉਨ੍ਹਾਂ ਸਮਝਾਇਆ ਅਤੇ ਉਨ੍ਹਾਂ ਦਾ ਡਰ ਦੂਰ ਕੀਤਾ ।

ਇਸ ਸਮੇਂ ਰਾਜਨੀਤਕ ਪ੍ਰਚਾਰ ਦੇ ਨਾਲ ਹੀ ਸ਼ੁਧੀ ਦਾ ਪ੍ਰਚਾਰ ਸ਼ੁਰੂ ਹੋ ਗਿਆ ਸੀ । ਦੀਵਾਨ ਦੇ ਦੂਜੇ ਦਿਨ ਝੱਬਰ ਜੀ ਨੇ ਸ਼ੁਧੀ ਤੇ ਭਾਸ਼ਨ ਦਿਤਾ । ਇਕ ਮੁਸਲਮਾਨ ਮੁਟਿਆਰ ਦੀਵਾਨ ਵਿਚ ਬੈਠੀ ਸੀ । ਉਸ ਦਾ ਪਿਤਾ ਜੋ ਅਸਲ ਵਿਚ ਸਿੱਖ ਸੀ ਇਕ ਮੁਸਲਮਾਨ ਇਸਤਰੀ ਪਿਛੇ ਮੁਸਲਮਾਨ ਹੋ ਗਿਆ ਸੀ । ਇਹ ਉਨ੍ਹਾਂ ਦੀ ਸੰਤਾਨ ਸੀ । ਇਸ ਦਾ ਨਿਕਾਹ ਗੁਜਰਾਂਵਾਲੇ ਦੇ ਇਕ ਮੁਸਲਮਾਨ ਨਾਲ ਹੋਇਆ ਸੀ । ਪਰ ਉਹ ਆਮ ਮੁਸਲਮਾਨਾਂ ਵਾਂਗ ਗੰਦਾ ਰਹਿੰਦਾ ਸੀ । ਉਹ ਮੁਟਿਆਰ ਝੱਬਰ ਜੀ ਦਾ ਭਾਸ਼ਨ ਸੁਣ ਕੇ ਸਿੰਘ ਸਜਣ ਲਈ ਤਿਆਰ ਹੋ ਗਈ । ਉਹ ਝੱਬਰ ਜੀ ਪਾਸ ਆਈ ਅਤੇ ਅੰਮ੍ਰਿਤ ਛਕਣ ਲਈ ਬਿਨੈ ਕੀਤੀ । ਉਸ ਨੇ ਕਿਹਾ ਕਿ ਪਿੰਡ ਦਾ ਹਰਨਾਮ ਸਿੰਘ ਉਸਦੇ ਨਾਲ ਵਿਆਹ ਕਰਾਉਣ ਨੂੰ ਤਿਆਰ ਹੈ । ਝੱਬਰ ਜੀ ਨੇ ਉਸ ਦੇ ਪਿੰਡ ਜਾ ਕੇ ਉਸ ਲੜਕੀ ਅਤੇ ਹਰਨਾਮ ਸਿੰਘ ਨੂੰ ਅੰਮ੍ਰਿਤ ਛਕਾਇਆ । ਲੜਕੀ ਦੀ ਮਾਂ ਜੋ ਉਸ ਦੇ ਅੰਮ੍ਰਿਤ ਛਕਣ ਤੇ ਰਾਜ਼ੀ ਹੋ ਗਈ ਸੀ , ਦੀ ਹਾਜ਼ਰੀ ਵਿਚ ਹਰਨਾਮ ਸਿੰਘ ਅਤੇ ਲੜਕੀ ਦਾ ਅਨੰਦ ਕਾਰਜ ਕੀਤਾ ਗਿਆ । ਗੁਜਰਾਂਵਾਲੇ ਖਬਰ ਪੁਜਣ ਤੇ ਇਸ ਦੇ ਮੁਸਲਮਾਨ ਪਤੀ ਨੇ ਮੁਕੱਦਮਾ ਦਾਇਰ ਕਰ ਦਿਤਾ । ਝੱਬਰ ਜੀ ਦਾ ਬਿਆਨ ਹੋਇਆ ਅਤੇ ਮੁਕੱਦਮਾ ਖਾਰਜ ਹੋ ਗਿਆ ।[5]

ਇਹ ਸਮਾਂ ਸਿੱਖਾਂ ਵਿਚ ਰਾਜਨੀਤਕ ਜਾਗ੍ਰਤੀ ਦਾ ਸਮਾਂ ਸੀ । ਗੁਰਦੁਆਰਾ ਰਕਾਬ ਗੰਜ ਦੀ ਕੰਧ ਦਾ ਮਸਲਾ , ਬੱਜ ਬੱਜ ਘਾਟ ਦੀ ਦੁਰਘਟਨਾ ਅਤੇ ਜਲਿਆਂ ਵਾਲੇ ਦੇ ਸਾਕੇ ਵਿਚ ਕੁਝ ਸਿੰਘਾਂ ਦੇ ਮਰਨ ਨੇ ਸਿੱਖਾ ਨੂੰ ਸਰਕਾਰ ਵਿਰੋਧੀ ਬਣਾ ਦਿਤਾ । ਡਾ: ਗੋਕਲ ਚੰਦ ਨਾਰੰਗ ਲਿਖਦੇ ਹਨ, "ਇਨ੍ਹਾਂ ਘਟਨਾਵਾਂ ਨੇ ਸਿੱਖਾਂ ਦੀ ਵਫਾਦਾਰੀ ਨੂੰ ਕਰੜੀ ਠੇਸ ਲਾਈ ਅਤੇ ਇਤਫਾਕ ਨਾਲ ਕੁਝ ਅਜਿਹੀਆਂ ਘਟਨਾਵਾਂ ਵੀ ਵਾਪਰ ਗਈਆਂ ਜਿਨ੍ਹਾਂ ਨੇ ਸਰਕਾਰ ਅਤੇ ਸਿੱਖਾਂ ਵਿਚਕਾਰ ਪਿਛਲੇ ਸੱਠ ਵਰ੍ਹਿਆਂ ਤੋਂ ਚਲੇ ਆ ਰਹੇ ਮਿਤੱਰਤਾ ਪੂਰਣ ਸੰਬੰਧ ਦਾ ਅੰਤ ਕਰ ਦਿੱਤਾ । ਝੱਬਰ ਜੀ ਅਤੇ ਮਾਸਟਰ ਮੋਤਾ ਸਿੰਘ ਵਰਗੀਆਂ ਹਸਤੀਆਂ ਰਾਜਨੀਤਕ ਪ੍ਰਚਾਰ ਦੇ ਵਿਚ ਲਗ ਗਈਆਂ । ਹਰ ਦੀਵਾਨ ਵਿਚ ਅੰਗਰੇਜ਼ੀ ਸਰਕਾਰ ਅਤੇ ਭਾਰਤ ਦੀ ਗੁਲਾਮੀ ਬਾਰੇ ਭਾਸ਼ਨ ਦਿਤੇ ਜਾਂਦੇ । ਸਰਕਾਰ ਨੂੰ ਮਿਲਵਰਤਨ ਦੇਣ ਵਾਲੇ ਸਰਦਾਰਾਂ ਦੀ ਨਿਖੇਧੀ ਕੀਤੀ ਜਾਂਦੀ ਅਤੇ ਉਨ੍ਹਾਂ ਵਿਰੁੱਧ ਮਤੇ ਪਾਸ ਕੀਤੇ ਜਾਂਦੇ । ਫੈਜ਼ਲਾਪੁਰ ਦੇ ਦੀਵਾਨ ਵਿਚ ਹੇਠ ਲਿਖਿਆ ਮਤਾ ਪਾਸ ਕੀਤਾ ਜਿਹੜਾ ਸਮਾਚਾਰ ਪਤਰਾਂ ਵਿਚ ਵੀ ਪ੍ਰਕਾਸ਼ਿਤ ਹੋਇਆ :

"ਖਾਲਸਾ ਜੀ ਦਾ ਇਹ ਦੀਵਾਨ ਪਾਸ ਕਰਦਾ ਹੈ ਕਿ ਜਿਨ੍ਹਾਂ ਸਿਖ ਲੀਡਰਾਂ ਗਵਰਨਰ ਪੰਜਾਬ ਓਡਵਾਇਰ ਨੂੰ ਇਥੋਂ ਜਾਣ ਸਮੇਂ ਮਾਨ ਦਿਤਾ ਹੈ , ਉਹਨਾਂ ਨੂੰ ਪੰਥ ਵਿਚੋਂ ਖਾਰਜ ਕੀਤਾ ਜਾਂਦਾ ਹੈ । ਖਾਸ ਕਰਕੇ ਸ. ਬਹਾਦਰ ਸੁੰਦਰ ਸਿੰਘ

ਜੀ ਮਜੀਠੀਆ, ਸ੍ਰ: ਅਰੂੜ ਸਿੰਘ ਸਰਬਰਾਹ ਸ੍ਰੀ ਦਰਬਾਰ ਸਾਹਿਬ, ਸ. ਬਹਾਦਰ ਗਜਨ ਸਿੰਘ ਜੀ ਲੁਧਿਆਨਾ, ਰਸਾਲਦਾਰ ਗੋਪਾਲ ਸਿੰਘ ਜੀ ਭਾਗੋਵਾਲੀਆ, ਇਨ੍ਹਾਂ ਨੂੰ ਕੋਈ ਸਿੱਖ ਫਤਹਿ ਨਾ ਬੁਲਾਵੇ ।"[7]

ਸੈਂਟਰਲ ਮਾਝਾ ਦੀਵਾਨ ਵਲੋਂ ਬਹਿੜਵਾਲ ਨੱਕੇ ਪਿੰਡ ਵਿਚ ਕੀਤੇ ਦੀਵਾਨ ਵਿਚ ਝੱਬਰ ਜੀ ਅਤੇ ਮਾਸਟਰ ਮੋਤਾ ਸਿੰਘ ਜੀ ਦੇ ਭਾਸ਼ਨਾਂ ਕਾਰਨ ਸ. ਹਰਦਿਆਲ ਸਿੰਘ ਪ੍ਰਧਾਨ ਦੀਵਾਨ ਦੀ ਢਾਈ ਹਜ਼ਾਰ ਦੀ ਜਗੀਰ ਸਰਕਾਰ ਨੇ ਜ਼ਬਤ ਕਰ ਲਈ । ਅਜਿਹੇ ਰਾਜਨੀਤਕ ਦੀਵਾਨ ਲੁਲਿਆਣੀ ਜ਼ਿਲ੍ਹਾ ਲਾਹੌਰ, ਵਿਛੋਆ ਜ਼ਿਲ੍ਹਾ ਅੰਮ੍ਰਿਤਸਰ ,ਧਾਰੋਵਾਲੀ ਜ਼ਿਲ੍ਹਾ ਸ਼ੇਖੂਪੁਰਾ , ਖੁਸ਼ਹਾਲ ਪੁਰ ਕੋਠਾ ਜ਼ਿਲ੍ਹਾ ਗੁਰਦਾਪੁਰ ਆਦਿ ਕਈ ਥਾਵਾਂ ਤੇ ਹੋਏ । ਜਿਥੇ ਇਸ ਤਰ੍ਹਾਂ ਦਾ ਜਲਸਾ ਹੁੰਦਾ , ਸਰਕਾਰੀ ਕਰਮਚਾਰੀ ਤੇ ਪਿੰਡ ਦੇ ਜੈਲਦਾਰ ਅਤੇ ਨੰਬਦਾਰ ਇਸ ਵਿਚ ਵਿਘਣ ਪਾਉਣ ਦੀ ਕੋਸ਼ਿਸ਼ ਕਰਦੇ । ਇਸ ਦਾ ਪ੍ਰਭਾਵ ਸਰਕਾਰ ਦੇ ਵਿਰੁੱਧ ਹੁੰਦਾ ਅਤੇ ਲੋਕੀ ਸੁਤੰਤਰ ਹੋਣ ਦੇ ਅਸਰ ਨੂੰ ਕਬੂਲਦੇ । ਧਾਰੋਵਾਲੀ ਵਿਖੇ ਦੀਵਾਨ ਵੇਲੇ ਖਾਲਸਾ ਹਾਈ ਸਕੂਲ ਸਾਂਗਲਾ ਦੇ ਹੈਡਮਾਸਟਰ ਨੇ ਨੋਟਿਸ ਬੋਰਡ ਤੇ ਨੋਟਿਸ ਲਗਾ ਦਿਤਾ ਕਿ ਕੋਈ ਜਲੇ ਵਿਚ ਸ਼ਾਮਲ ਨਾ ਹੋਵੇ । ਜੋ ਵਿਦਿਆਰਥੀ ਸ਼ਾਮਲ ਹੋਵੇਗਾ ਉਸ ਨੂੰ ਬੈਂਤਾਂ ਲਗਾਈਆਂ ਜਾਣਗੀਆਂ । ਇਸੇ ਸਕੂਲ ਦੇ ਮੈਨੇਜਰ ਸ. ਦਲੀਪ ਸਿੰਘ ਜੀ ਉਤੇ ਪ੍ਰਚਾਰ ਦਾ ਇਤਨਾ ਪ੍ਰਭਾਵ ਪਿਆ ਕਿ ਉਨ੍ਹਾਂ ਨੇ ਖਦਰ ਦੇ ਕਪੜੇ ਪਹਿਨੇ ਅਤੇ ਮੁੜਕੇ ਬਿਦੇਸ਼ੀ ਕਪੜੇ ਨੂੰ ਹਥ ਨਹੀਂ ਲਗਾਇਆ । ਆਪ ਗੁਰਦੁਆਰਾ ਸੁਧਾਰ ਲਹਿਰ ਦੇ ਇਤਨੇ ਹਾਮੀ ਬਣੇ ਕਿ ਅਗਲੇ ਦਿਨ ਹੀ ਸਿਆਲਕੋਟ ਬਾਬੇ ਦੀ ਬੇਰ ਗੁਰਦੁਆਰੇ ਨੂੰ ਮਹੰਤ ਤੋਂ ਸੁਤੰਤਰ ਕਰਾਉਣ ਲਈ ਚਲ ਪਏ ਅਤੇ ਦਸ ਹੋਰ ਆਦਮੀਆਂ ਦਾ ਕਿਰਾਇਆ ਦੇ ਕੇ ਉਨ੍ਹਾਂ ਨੂੰ ਤਿਆਰ ਕੀਤਾ । ਇਸ ਤੋਂ ਲਗ ਭਗ ਇਕ ਸਾਲ ਪਿਛੋਂ ਉਹ ਨਨਕਾਣਾ ਸਾਹਿਬ ਵਿਖੇ ਸ਼ਹੀਦ ਹੋਏ ।

ਧਾਰੋਵਾਲੀ ਦੇ ਦੀਵਾਨ ਵਿਚ ਮਹੰਤ ਸੁੰਦਰ ਦਾਸ ਸ਼ਿਤਾਬਗੜੀਆ ਅਤੇ ਸੰਤ ਹਰੀਦਾਸ ਸਯਦ ਵਾਲੇ ਆਏ ਹੋਏ ਸਨ । ਝੱਬਰ ਜੀ ਨੇ ਤਾੜਿਆ ਕਿ ਇਹ ਨਨਕਾਣਾ ਸਾਹਿਬ ਦੇ ਮਹੰਤ ਦੇ ਸੂਹੀਏ ਬਣ ਕੇ ਸਿੰਘਾਂ ਦੀਆਂ ਗਤੀ ਵਿਧੀਆਂ ਦੇਖਣ ਲਈ ਆਏ ਹਨ । ਝੱਬਰ ਜੀ ਨੇ ਆਪਣੇ ਭਾਸ਼ਨ ਵਿਚ ਨਨਕਾਣਾ ਸਾਹਿਬ ਦੇ ਬਦਮਾਸ਼ ਮਹੰਤ ਬਾਰੇ ਬੋਲਣਾ ਆਰੰਭ ਕਰ ਦਿਤਾ ।

ਦੀਵਾਨ ਦੇ ਅਖੀਰਲੇ ਦਿਨ ਝੱਬਰ ਜੀ ਨੂੰ ਭਾਈ ਤੇਜਾ ਸਿੰਘ ਭੁਚਰ ਵਲੋਂ ਤਾਰ ਮਿਲੀ, ਜਿਸ ਵਿਚ ਉਨ੍ਹਾਂ ਨੇ ਝੱਬਰ ਜੀ ਨੂੰ ਜਥਾ ਲੈ ਕੇ ਸਿਆਲਕੋਟ ਬਾਬੇ ਦੀ ਬੇਰ ਪਹੁੰਚਣ ਦੀ ਤਾਕੀਦ ਕੀਤੀ ਸੀ, ਕਿਉਂਕਿ ਉਥੇ ਸਿੱਖ ਵਿਰੋਧੀ ਜ਼ੋਰ ਪਕੜ ਰਹੇ ਸਨ ਅਤੇ ਗੁਰਦੁਆਰਾ ਸਾਹਿਬ ਦੀ ਬੇਅਦਬੀ ਹੋ ਰਹੀ ਸੀ । ਝੱਬਰ ਜੀ ਨੇ ਸੰਗਤਾਂ ਨੂੰ ਤਾਰ ਦੇ ਵਿਸ਼ੇ ਬਾਰੇ ਦਸਿਆ ਅਤੇ ਨੌਜਵਾਨਾ ਸਿੰਘਾਂ ਨੂੰ ਜਥੇ ਨਾਲ ਲਈ ਪ੍ਰੇਰਿਆ । ਕਿਰਾਏ ਲਈ 15● ਰੁਪਏ ਇਕੱਠੇ ਹੋ ਗਏ ਅਤੇ ਅਗਲੇ ਦਿਨ ਜਥੇ ਵਿਚ ਜਾਣ ਵਾਲੇ ਸਿੰਘਾਂ ਨੂੰ ਸਾਂਗਲਾ ਸਟੇਸ਼ਨ ਤੇ ਪਹੁੰਚਣ ਲਈ ਝੱਬਰ ਜੀ ਨੇ ਕਿਹਾ ।

ਅਗਲੇ ਦਿਨ ਸਵੇਰੇ ਸਾਂਗਲੇ ਸਟੇਸ਼ਨ ਤੋਂ ਸਿਆਲਕੋਟ ਲਈ ਜਥਾ ਰੇਲ ਗੱਡੀ ਰਾਹੀਂ ਰਵਾਨਾ ਹੋਇਆ । ਇਸ ਵਿਖ ਭਾਈ ਦਲੀਪ ਸਿੰਘ ਵੀ ਨਵੇਂ ਖਦਰ ਦੇ ਕਪੜੇ ਪਾ ਕੇ ਸ਼ਾਮਲ ਹੋਏ ।[8] ਇਹ ਗੁਰਦੁਆਰਾ ਸੁਧਾਰ ਲਹਿਰ ਦਾ ਪਹਿਲਾ ਮੋਰਚਾ ਸੀ ਅਤੇ ਜਥੇ ਵਿਚ ਜਾਣ ਵਾਲੇ ਸਿੰਘਾਂ ਵਿਚ ਅਥਾਹ ਜੋਸ਼ ਸੀ ।

1. Fauja Singh, Eminent Freedom Fighters of the Punjab, P 150
2. ਨਰੈਣ ਸਿੰਘ (ਸੌ), ਅਕਾਲੀ ਮੋਰਚੇ ਤੇ ਝੱਬਰ, ਪੰ. 51
3. ਗੋਕਲ ਚੰਦ ਨਾਰੰਗ, ਸਿੱਖ ਮਤ ਦਾ ਪਰਿਵਰਤਨ, ਪੰ. 227
4. Teja Singh, The Gurdwara Reform Movement and the Sikh Awakening, P. 58
5. ਨਰੈਣ ਸਿੰਘ ਉਕਤ ਪੰ. 53

6. ਗੋਕਲ ਚੰਦ ਨਾਰੰਗ ਉਕਤ ਪੰ. 288
7. ਨਰੈਣ ਸਿੰਘ ਉਕਤ, ਪੰ: 54
8. ਉਹੀ ਪੰ. 54-56